

Medical Beneficiary and Pharmaceutical Services Division, B.C. Ministry of Health

# Fair PharmaCare (ਫ਼ੇਅਰ ਫ਼ਾਰਮਾ ਕੇਅਰ)

## – ਮਹੀਨੇਵਾਰ ਮਨਫ਼ੀਯੋਗ ਅਦਾਇਗੀ ਸੰਬੰਧੀ ਵਿਕਲਪ

**ਕੀ ਤੁਸੀਂ ਜਾਣਦੇ ਹੋ ਕਿ Fair PharmaCare (ਫ਼ੇਅਰ ਫ਼ਾਰਮਾ ਕੇਅਰ) ਪਲੈਨ ਅਧੀਨ ਇਮਦਾਦ ਪ੍ਰਾਪਤ ਕਰਨ ਵਾਲਿਆਂ ਲਈ PharmaCare (ਫ਼ਾਰਮਾ ਕੇਅਰ) ਵੱਲੋਂ ਮਹੀਨੇਵਾਰ ਮਨਫ਼ੀਯੋਗ ਅਦਾਇਗੀ ਸੰਬੰਧੀ ਵਿਕਲਪ ਪੇਸ਼ ਕੀਤਾ ਜਾਂਦਾ ਹੈ?**

### ਮਹੀਨੇਵਾਰ ਮਨਫ਼ੀਯੋਗ ਅਦਾਇਗੀ ਸੰਬੰਧੀ ਵਿਕਲਪ ਕੀ ਹੈ?

ਜਿਹੜੇ ਪਰਿਵਾਰਾਂ ਨੂੰ ਇਹ ਅੰਦੇਸ਼ਾ ਹੁੰਦਾ ਹੈ ਕਿ ਉਨ੍ਹਾਂ ਦਾ ਫ਼ੇਅਰ ਫ਼ਾਰਮਾ ਕੇਅਰ ਦੀ ਸਾਲਾਨਾ ਮਨਫ਼ੀਯੋਗ ਰਕਮ ਜਿਨਾਂ ਜਾਂ ਉਸ ਤੋਂ ਵੱਧ ਖ਼ਰਚਾ ਹੋ ਜਾਵੇਗਾ, ਇਹ ਵਿਕਲਪ ਉਨ੍ਹਾਂ ਨੂੰ ਹਰ ਮਹੀਨੇ ਆਪਣੀਆਂ ਤਜਵੀਜ਼ਸ਼ੁਦਾ ਦਵਾਈਆਂ ਦੀ ਮਨਫ਼ੀਯੋਗ ਲਾਗਤ ਦਾ ਅੰਸ਼ਕ ਹਿੱਸਾ ਅਦਾ ਕਰਕੇ ਬਾਕੀ ਰਕਮ ਲਈ ਤੁਰੰਤ ਸਹਾਇਤਾ ਹਾਸਲ ਕਰਨ ਦਿੰਦਾ ਹੈ।

### ਕੌਣ ਇਸ ਵਿੱਚ ਨਾਂ ਦਰਜ ਕਰਵਾਉਣ ਦੇ ਯੋਗ ਹੈ?

ਅਜਿਹਾ ਪਰਿਵਾਰ ਜਾਂ ਵਿਅਕਤੀ:

- ਜੋ ਫ਼ੇਅਰ ਫ਼ਾਰਮਾ ਕੇਅਰ ਨਾਲ ਰਜਿਸਟਰ ਹੋਇਆ ਹੈ;
- ਜਿਸ ਕੋਲ ਦਵਾਈਆਂ ਦੀ ਲਾਗਤ ਅਦਾ ਕਰਨ ਵਾਲਾ ਪ੍ਰਾਈਵੇਟ ਸਿਹਤ ਬੀਮਾ ਨਹੀਂ ਹੈ*; ਅਤੇ
- ਫ਼ੇਅਰ ਫ਼ਾਰਮਾ ਕੇਅਰ ਪਲੈਨ ਅਧੀਨ ਜਿਸ ਦੀ ਮਨਫ਼ੀਯੋਗ ਰਕਮ ਮੁੱਕਰਰ ਕੀਤੀ ਗਈ ਹੈ।

### ਅਦਾਇਗੀ ਦੇ ਇਸ ਵਿਕਲਪ ਲਈ ਨਾਂ ਦਰਜ ਕਰਵਾਉਣ ਦੇ ਕੀ ਫ਼ਾਇਦੇ ਹਨ?

- ਤਜਵੀਜ਼ਸ਼ੁਦਾ ਦਵਾਈਆਂ ਅਤੇ ਮੈਡੀਕਲ ਸਮੱਗਰੀ ਦੀ ਲਾਗਤ ਦਾ ਬੱਜਟ ਬਣਾਉਣਾ ਸੌਖਾ ਰਹਿੰਦਾ ਹੈ
- ਯੋਗ ਦਵਾਈਆਂ ਅਤੇ ਮੈਡੀਕਲ ਸਮੱਗਰੀ ਦੀਆਂ ਲਾਗਤਾਂ ਵਿੱਚ ਤੁਹਾਨੂੰ ਫ਼ਾਰਮਾ ਕੇਅਰ ਵੱਲੋਂ ਸਾਲ ਵਿੱਚ ਛੇਤੀ ਮਦਦ ਮਿਲ ਜਾਂਦੀ ਹੈ।

### ਕੀ ਇਹ ਵਿਕਲਪ ਤੁਹਾਡੇ ਲਈ ਸਹੀ ਹੈ?

ਇਹ ਪੰਨਾ ਪਲਟ ਕੇ ਦੇਖੋ:

❖ ਜਾਣੋ ਕਿ ਫ਼ੇਅਰ ਫ਼ਾਰਮਾ ਕੇਅਰ ਦਾ ਮਨਫ਼ੀਯੋਗ ਹਿੱਸਾ ਕਿਵੇਂ ਕੰਮ ਕਰਦਾ ਹੈ ❖

❖ ਮਹੀਨੇਵਾਰ ਅਦਾਇਗੀ ਵਾਲੇ ਵਿਕਲਪ ਦਾ ਇੱਕ ਉਦਾਹਰਣ ਦੇਖੋ ❖

### ਮੈਂ ਆਪਣਾ ਨਾਂ ਕਿਵੇਂ ਦਰਜ ਕਰਵਾ ਸਕਦਾ ਹਾਂ?

Health Insurance BC (HIBC) (ਹੈਲਥ ਇੰਸ਼ੋਰੈਂਸ ਬੀ.ਸੀ. - ਐੱਚ.ਆਈ.ਬੀ.ਸੀ.) ਨਾਲ ਸੰਪਰਕ ਕਰੋ। ਐੱਚ.ਆਈ.ਬੀ.ਸੀ. ਵੱਲੋਂ ਫ਼ਾਰਮਾ ਕੇਅਰ ਅਤੇ Medical Services Plan (ਮੈਡੀਕਲ ਸੇਵਾਵਾਂ ਵਾਲਾ ਪਲੈਨ) ਦਾ ਸੰਚਾਲਨ ਕੀਤਾ ਜਾਂਦਾ ਹੈ।

ਲੋਅਰ ਮੇਨਲੈਂਡ ਤੋਂ ਕਾਲ ਕਰਨ ਲਈ:
**604-683-7151**

ਬੀ.ਸੀ. ਦੇ ਬਾਕੀ ਹਿੱਸਿਆਂ ਤੋਂ ਟੋਲ-ਫ੍ਰੀ ਕਾਲ ਕਰੋ:
**1-800-663-7100**

ਉਪਭੋਗਤਾ ਸੇਵਾ ਏਜੰਟ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਉਪਲਬਧ ਹੁੰਦੇ ਹਨ।

**ਨੋਟ:** ਤੁਸੀਂ ਮੌਜੂਦਾ ਕੈਲੰਡਰ ਵਰ੍ਹੇ ਲਈ 30 ਸਤੰਬਰ ਤੱਕ ਕਦੇ ਵੀ ਆਪਣਾ ਨਾਂ ਦਰਜ ਕਰਵਾ ਸਕਦੇ ਹੋ। ਇਸ ਤਾਰੀਖ਼ ਤੋਂ ਬਾਅਦ ਤੁਸੀਂ ਅਗਲੇ ਵਰ੍ਹੇ ਲਈ ਆਪਣਾ ਨਾਂ ਦਰਜ ਕਰਵਾ ਸਕਦੇ ਹੋ।

*ਜੇ ਤੁਹਾਡੇ ਕੋਲ ਦਵਾਈਆਂ ਦੀ ਲਾਗਤ ਸੰਬੰਧੀ ਫ਼ਾਇਦਿਆਂ ਵਾਲਾ ਪ੍ਰਾਈਵੇਟ ਸਿਹਤ ਬੀਮਾ ਹੈ ਤਾਂ ਤੁਹਾਨੂੰ ਮਹੀਨੇਵਾਰ ਮਨਫ਼ੀਯੋਗ ਅਦਾਇਗੀ ਦੇ ਵਿਕਲਪ ਲਈ ਆਪਣਾ ਨਾਂ ਦਰਜ ਨਹੀਂ ਕਰਵਾਉਣਾ ਚਾਹੀਦਾ। ਤੁਹਾਡੇ ਪ੍ਰਾਈਵੇਟ ਸਿਹਤ ਬੀਮਾਕਰਤਾ ਵੱਲੋਂ ਤੁਹਾਡੀਆਂ ਤਜਵੀਜ਼ਸ਼ੁਦਾ ਦਵਾਈਆਂ ਦਾ ਅੰਸ਼ਕ ਹਿੱਸਾ ਅਦਾ ਕੀਤਾ ਜਾਂਦਾ ਹੈ ਅਤੇ ਮਹੀਨੇਵਾਰ ਮਨਫ਼ੀਯੋਗ ਅਦਾਇਗੀ ਦੇ ਵਿਕਲਪ ਕਾਰਨ ਤੁਹਾਡੇ ਕਲੇਮ ਦੇ ਨਿਪਟਾਰੇ ਵਿੱਚ ਅੜਚਣਾਂ ਪੈ ਸਕਦੀਆਂ ਹਨ ਅਤੇ ਤੁਹਾਡੇ ਪ੍ਰਾਈਵੇਟ ਬੀਮਾਕਰਤਾ ਵੱਲੋਂ ਕੀਤੇ ਜਾਣ ਵਾਲੇ ਭੁਗਤਾਨ ਵਿੱਚ ਦੇਰ ਹੋ ਸਕਦੀ ਹੈ।



BRITISH COLUMBIA

# ਫ਼ੇਅਰ ਫ਼ਾਰਮਾ ਕੇਅਰ ਕਿਵੇਂ ਕੰਮ ਕਰਦਾ ਹੈ?

ਮਹੀਨੇਵਾਰ ਮਨਫ਼ੀਯੋਗ ਅਦਾਇਗੀ ਦਾ ਵਿਕਲਪ ਫ਼ੇਅਰ ਫ਼ਾਰਮਾ ਕੇਅਰ ਪਲੈਨ ਦਾ ਹਿੱਸਾ ਹੈ। ਫ਼ੇਅਰ ਫ਼ਾਰਮਾ ਕੇਅਰ ਪਲੈਨ ਅਧੀਨ ਤੁਸੀਂ ਆਪਣੀ ਮਨਫ਼ੀਯੋਗ ਰਕਮ ਦੀ ਹੱਦ ਤੱਕ ਆਪਣੇ ਪਰਿਵਾਰ ਦੀਆਂ ਤਜਵੀਜ਼ਸ਼ੁਦਾ ਦਵਾਈਆਂ ਦੀ ਲਾਗਤ ਅਦਾ ਕਰਦੇ ਹੋ। ਤੁਹਾਡੇ ਵੱਲੋਂ ਮਨਫ਼ੀਯੋਗ ਰਕਮ ਤੱਕ ਦੀ ਅਦਾਇਗੀ ਕੀਤੇ ਜਾਣ 'ਤੇ ਬਾਕੀ ਵਰ੍ਹੇ ਲਈ ਫ਼ਾਰਮਾ ਕੇਅਰ ਯੋਗ ਲਾਗਤਾਂ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ।

January → December

| ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੱਕ | ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੋਂ ਬਾਅਦ | ਵੱਧ ਤੋਂ ਵੱਧ ਪਰਿਵਾਰਕ ਲਾਗਤ ਤੋਂ ਬਾਅਦ |
|---|---|---|
| ਤੁਸੀਂ 100% ਅਦਾ ਕਰਦੇ ਹੋ | ਤੁਸੀਂ ਅਦਾ ਕਰਦੇ ਹੋ 30% / ਫ਼ਾਰਮਾ ਕੇਅਰ ਅਦਾ ਕਰਦਾ ਹੈ 70% | ਫ਼ਾਰਮਾ ਕੇਅਰ 100% ਅਦਾ ਕਰਦਾ ਹੈ |

www.health.gov.bc.ca/pharmacare/plani/calculator/calculator.html (ਅੰਗਰੇਜ਼ੀ)'ਤੇ ਦਿੱਤੇ ਕੈਲਕੂਲੇਟਰ ਦੀ ਵਰਤੋਂ ਕਰਕੇ ਤੁਸੀਂ ਆਪਣੀ ਮਨਫ਼ੀਯੋਗ ਰਕਮ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਦਾ ਅੰਦਾਜ਼ਾ ਲਗਾ ਸਕਦੇ ਹੋ

### "ਯੋਗ" ਲਾਗਤਾਂ ਕਿਹੜੀਆਂ ਹਨ?

- ਯੋਗ ਲਾਗਤਾਂ ਤਜਵੀਜ਼ਸ਼ੁਦਾ ਦਵਾਈ, ਮੈਡੀਕਲ ਸਮੱਗਰੀ ਜਾਂ ਫ਼ਾਰਮੇਸੀ ਦੀ ਦਵਾਈ ਤਕਸੀਮ ਕਰਨ ਸੰਬੰਧੀ ਫ਼ੀਸ ਵਾਸਤੇ ਫ਼ਾਰਮਾ ਕੇਅਰ ਵੱਲੋਂ ਅਦਾ ਕੀਤੀ ਜਾਣ ਵਾਲੀ ਵੱਧ ਤੋਂ ਵੱਧ ਰਕਮ ਹੈ।
- ਤੁਹਾਡੀ ਮਨਫ਼ੀਯੋਗ ਰਕਮ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਲਈ ਸਿਰਫ਼ ਯੋਗ ਲਾਗਤਾਂ ਹੀ ਗਿਣੀਆਂ ਜਾਂਦੀਆਂ ਹਨ (ਹੇਠਾਂ ਦੇਖੋ)।

### ਮੇਰੀ "ਮਨਫ਼ੀਯੋਗ" ਰਕਮ ਕਿੰਨੀ ਹੈ?

- ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ ਯੋਗ ਲਾਗਤਾਂ ਦਾ **70%** ਹਿੱਸਾ ਅਦਾ ਕਰਨਾ ਸ਼ੁਰੂ ਕਰੇ, ਮਨਫ਼ੀਯੋਗ ਰਕਮ ਉਹ ਖ਼ਰਚਾ ਹੈ ਜਿਹੜਾ ਕਿ ਯੋਗ ਤਜਵੀਜ਼ਸ਼ੁਦਾ ਦਵਾਈਆਂ ਅਤੇ ਮੈਡੀਕਲ ਸਮੱਗਰੀ ਦੀਆਂ ਲਾਗਤਾਂ 'ਤੇ ਤੁਹਾਡੇ ਪਰਿਵਾਰ ਨੂੰ ਕਰਨਾ ਪੈਂਦਾ ਹੈ। (ਜਿਹੜੇ ਪਰਿਵਾਰਾਂ ਵਿੱਚ 1940 ਤੋਂ ਪਹਿਲਾਂ ਜਨਮਿਆ ਕੋਈ ਮੈਂਬਰ ਹੈ ਉਨ੍ਹਾਂ ਨੂੰ 75% ਕਵਰੇਜ ਮਿਲਦੀ ਹੈ।)

### ਮੇਰੀ "ਵੱਧ ਤੋਂ ਵੱਧ ਪਰਿਵਾਰਕ ਲਾਗਤ" ਕਿੰਨੀ ਹੈ?

- ਵੱਧ ਤੋਂ ਵੱਧ ਪਰਿਵਾਰਕ ਲਾਗਤ ਉਹ ਧਨ ਰਾਸ਼ੀ ਹੈ ਜਿਹੜੀ ਹਰ ਸਾਲ ਤੁਹਾਡੇ ਪਰਿਵਾਰ ਵੱਲੋਂ ਖ਼ਰਚੀ ਜਾਣੀ ਚਾਹੀਦੀ ਹੈ, ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ 100% ਯੋਗ ਲਾਗਤਾਂ ਦੀ ਅਦਾਇਗੀ ਕਰਨੀ ਸ਼ੁਰੂ ਕਰੇ।

# ਮਨਫ਼ੀਯੋਗ ਅਦਾਇਗੀ ਦਾ ਮਹੀਨਾਵਾਰ ਵਿਕਲਪ ਕਿਵੇਂ ਕੰਮ ਕਰਦਾ ਹੈ?

## ਉਦਾਹਰਣ

ਹਰ ਵਰ੍ਹੇ ਬਰੈਂਡਾ ਅਤੇ ਜ੍ਹੌਨ ਦੀਆਂ ਤਜਵੀਜ਼ਸ਼ੁਦਾ ਦਵਾਈਆਂ ਦੀ ਲਾਗਤ ਤਕਰੀਬਨ $2,200 ਹੁੰਦੀ ਹੈ।
ਉਨ੍ਹਾਂ ਦੀ ਸੰਯੁਕਤ ਸਾਲਾਨਾ ਨੈੱਟ ਇਨਕਮ (ਸ਼ੁੱਧ ਆਮਦਨ) ਦੇ ਆਧਾਰ 'ਤੇ ਉਨ੍ਹਾਂ ਦਾ ਫ਼ੇਅਰ ਫ਼ਾਰਮਾ ਕੇਅਰ ਮਨਫ਼ੀਯੋਗ ਖ਼ਰਚਾ $600 ਹੈ।

### ਮਹੀਨੇਵਾਰ ਮਨਫ਼ੀਯੋਗ ਅਦਾਇਗੀ ਤੋਂ <u>ਬਿਨਾਂ</u>:

- $600 (ਉਨ੍ਹਾਂ ਦੀ ਮਨਫ਼ੀਯੋਗ ਰਕਮ) ਤੱਕ ਉਹ ਫ਼ਾਰਮੇਸੀ 'ਤੇ ਆਪਣੀਆਂ ਸਾਰੀਆਂ ਯੋਗ ਤਜਵੀਜ਼ਸ਼ੁਦਾ ਦਵਾਈਆਂ ਦਾ ਖ਼ਰਚਾ ਆਪ ਅਦਾ ਕਰਦੇ ਹਨ।
- ਆਪਣੀ ਮਨਫ਼ੀਯੋਗ ਰਕਮ ਤੱਕ ਦਾ ਖ਼ਰਚਾ ਕਰ ਦੇਣ 'ਤੇ ਫ਼ਾਰਮਾ ਕੇਅਰ ਵੱਲੋਂ ਬਾਕੀ ਵਰ੍ਹੇ ਦੌਰਾਨ ਉਨ੍ਹਾਂ ਦੀਆਂ ਯੋਗ ਤਜਵੀਜ਼ਸ਼ੁਦਾ ਦਵਾਈਆਂ ਦਾ 70% ਖ਼ਰਚਾ ਅਦਾ ਕੀਤਾ ਜਾਂਦਾ ਹੈ।

⇔

### ਮਹੀਨੇਵਾਰ ਮਨਫ਼ੀਯੋਗ ਅਦਾਇਗੀ ਦੇ <u>ਨਾਲ</u>:

- ਬਰੈਂਡਾ ਅਤੇ ਜ੍ਹੌਨ ਆਪਣੀ ਮਨਫ਼ੀਯੋਗ ਰਕਮ ਪ੍ਰਤੀ ਹਰ ਮਹੀਨੇ $50 ਅਦਾ ਕਰਦੇ ਹਨ।
- ਉਨ੍ਹਾਂ ਦਾ ਨਾਂ ਦਰਜ ਹੋ ਜਾਣ ਦੀ ਪਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਉਹ ਫ਼ਾਰਮੇਸੀ ਵਿਖੇ ਆਪਣੀਆਂ ਯੋਗ ਤਜਵੀਜ਼ਸ਼ੁਦਾ ਦਵਾਈਆਂ ਦਾ ਸਿਰਫ਼ 30% ਹਿੱਸਾ ਹੀ ਅਦਾ ਕਰਦੇ ਹਨ। ਇੰਝ ਉਨ੍ਹਾਂ ਵਾਸਤੇ ਮੈਡੀਕਲ ਖ਼ਰਚਿਆਂ ਲਈ ਬੱਜਟ ਬਣਾਉਣਾ ਸੌਖਾ ਹੋ ਜਾਂਦਾ ਹੈ।

ਜੇ ਉਨ੍ਹਾਂ ਦਾ ਆਪਣੀ ਵੱਧ ਤੋਂ ਵੱਧ ਸਾਲਾਨਾ ਪਰਿਵਾਰਕ ਲਾਗਤ ਜਿਨਾਂ ਖ਼ਰਚਾ ਹੋ ਜਾਵੇ ਤਾਂ ਬਾਕੀ ਵਰ੍ਹੇ ਦੌਰਾਨ
ਫ਼ਾਰਮਾ ਕੇਅਰ ਵੱਲੋਂ ਉਨ੍ਹਾਂ ਦੀਆਂ ਯੋਗ ਲਾਗਤਾਂ ਦਾ 100% ਹਿੱਸਾ ਅਦਾ ਕੀਤਾ ਜਾਂਦਾ ਹੈ।

**ਨੋਟ:** ਜਦੋਂ ਤੁਸੀਂ ਮਹੀਨੇਵਾਰ ਮਨਫ਼ੀਯੋਗ ਅਦਾਇਗੀ ਵਾਲੇ ਵਿਕਲਪ 'ਤੇ ਹੁੰਦੇ ਹੋ, ਉਦੋਂ ਤੁਹਾਡੀਆਂ ਪ੍ਰਿਸਕ੍ਰਿਪਸ਼ਨ ਰਸੀਦਾਂ ਉੱਤੇ ਤੁਹਾਡੀ ਮਹੀਨੇਵਾਰ ਅਦਾਇਗੀ ਨਹੀਂ ਦਰਸਾਈ ਜਾਂਦੀ। ਸਾਲ ਦੇ ਅੰਤ 'ਤੇ ਫ਼ਾਰਮਾ ਕੇਅਰ ਵੱਲੋਂ ਤੁਹਾਨੂੰ ਇੱਕ ਰਸੀਦ ਭੇਜੀ ਜਾਵੇਗੀ ਜਿਸ ਵਿੱਚ ਤੁਹਾਡੀਆਂ ਅਦਾਇਗੀਆਂ ਦੀ ਸੂਚੀ ਹੋਵੇਗੀ।

ਵਧੇਰੇ ਜਾਣਕਾਰੀ ਲਈ ਫ਼ਾਰਮਾ ਕੇਅਰ ਦੀ ਵੈੱਬਸਾਈਟ www.health.gov.bc.ca/pharmacare (ਅੰਗਰੇਜ਼ੀ)'ਤੇ ਜਾਓ।